ਮਿੱਠੇ ਬੱਚੇ:- "ਮਿੱਠੇ ਬੱਚੇ :- ਆਤਮਾ ਅਤੇ ਪਰਮਾਤਮਾ ਦਾ ਮਿਲਨ ਹੀ ਸੱਚਾ-2 ਸੰਗਮ ਅਤੇ ਕੁੰਭ ਹੈ। ਇਸੇ ਮਿਲਨ ਨਾਲ ਤੁਸੀਂ ਪਾਵਨ ਬਣਦੇ ਹੋ, ਯਾਦਗਾਰ ਵਿਚ ਉਹ ਫਿਰ ਮੇਲਾ ਮਨਾਉਂਦੇ ਹਨ।"

ਪ੍ਰਸ਼ਨ:- ਪ੍ਰਸ਼ਨ:- ਤੁਸੀਂ ਬੱਚਿਆਂ ਵਿਚ ਕਿਹੜੀ ਗੱਲ ਦੀ ਬੜੀ ਸਿਆਨਪ ਚਾਹੀਦੀ ਹੈ?

ਉੱਤਰ:- ਗਿਆਨ ਦੀਆਂ ਜਿਹੜੀਆਂ ਨਾਜ਼ੁਕ ਗੱਲਾਂ ਹਨ, ਉਨ੍ਹਾਂ ਨੂੰ ਸਮਝਾਉਣ ਦੀ ਬੜੀ ਸਿਆਨਪ ਚਾਹੀਦੀ ਹੈ। ਯੁਕਤੀ ਨਾਲ ਗਿਆਨ ਮਾਰਗ ਅਤੇ ਭਗਤੀ ਮਾਰਗ ਨੂੰ ਸਿੱਧ ਕਰਨਾ ਹੈ। ਇਵੇਂ ਸਮਝਾਉਣਾ ਹੈ ਜਿਵੇਂ ਚੂਹਾ ਫੂਕ ਵੀ ਦਿੰਦਾ ਹੈ ਤੇ ਕਟ ਵੀ ਲੈਂਦਾ ਹੈ ਤਾਂ ਸਰਵਿਸ ਦੀਆਂ ਯੁਕਤੀਆਂ ਰਚਣੀਆਂ ਹਨ। ਕੁੰਭ ਮੇਲੇ ਤੇ ਪ੍ਰਦਰਸ਼ਨੀ ਲਗਾ ਕੇ ਅਨੇਕ ਆਤਮਾਵਾਂ ਦਾ ਕਲਿਆਣ ਕਰਨਾ ਹੈ। ਪਤਿਤ ਤੋਂ ਪਾਵਨ ਹੋਣ ਦੀ ਯੁਕਤੀ ਦੱਸਣੀ ਹੈ।

ਗੀਤ:- ਇਸ ਪਾਪ ਦੀ ਦੁਨੀਆ ਸੇ...

ਓਮ ਸ਼ਾਂਤੀ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਪਾਪ ਦੀ ਦੁਨੀਆ ਨੂੰ ਕਲਯੁੱਗੀ, ਪਤਿਤ, ਭ੍ਰਿਸ਼ਟਾਚਾਰੀ ਦੁਨੀਆ ਕਿਹਾ ਜਾਂਦਾ ਹੈ ਤੇ ਫਿਰ ਪੁੰਨ ਦੀ ਦੁਨੀਆ ਨੂੰ ਸਤਿਯੁਗੀ, ਪਾਵਨ, ਸ਼੍ਰੇਸ਼ਟਾਚਾਰੀ ਦੁਨੀਆ ਕਿਹਾ ਜਾਂਦਾ ਹੈ। ਪਰਮ ਆਤਮਾ ਹੀ ਆਕੇ ਪੁੰਨ ਆਤਮਾ, ਪਵਿੱਤਰ ਆਤਮਾ ਅਤੇ ਪੁੰਨ ਦੀ ਦੁਨੀਆ ਬਣਾਉਂਦੇ ਹਨ। ਮਨੁੱਖ ਪੁਕਾਰਦੇ ਹਨ - ਪਤਿਤ ਪਾਵਨ ਬਾਪ ਨੂੰ ਕਿਉਂਕਿ ਖੁਦ ਪਾਵਨ ਨਹੀਂ ਹਨ। ਜੇਕਰ ਸਮਝਦੇ ਪਤਿਤ - ਪਾਵਨੀ ਗੰਗਾ ਹੈ ਜਾਂ ਤ੍ਰਿਵੇਨੀ ਹੈ, ਫਿਰ ਪੁਕਾਰਦੇ ਕਿਓਂ ਹਨ ਕਿ ਹੇ ਪਤਿਤ - ਪਾਵਨ ਆਓ? ਗੰਗਾ ਤੇ ਤ੍ਰਿਵੇਨੀ ਤਾਂ ਹੈ ਹੀ, ਉਨ੍ਹਾਂ ਦੇ ਹੁੰਦੇ ਹੋਏ ਵੀ ਪੁਕਾਰਦੇ ਰਹਿੰਦੇ ਹਨ। ਬੁੱਧੀ ਫਿਰ ਵੀ ਪਰਮਾਤਮਾ ਦੀ ਤਰਫ ਜਾਂਦੀ ਹੈ। ਪਰਮਪਿਤਾ ਪਰਮਾਤਮਾ ਜੋ ਗਿਆਨ ਦਾ ਸਾਗਰ ਹੈ ਉਨ੍ਹਾਂ ਨੇ ਆਉਣਾ ਹੀ ਹੈ। ਸਿਰਫ ਆਤਮਾ ਨਹੀਂ ਪਵਿੱਤਰ ਜੀਵ ਆਤਮਾ ਕਿਹਾ ਜਾਵੇਗਾ। ਹਾਲੇ ਪਾਵਨ ਜੀਵ ਆਤਮਾ ਤਾਂ ਕੋਈ ਹੈ ਨਹੀਂ। ਪਤਿਤ - ਪਾਵਨ ਤਾਂ ਆਉਂਦੇ ਹੀ ਉਦੋਂ ਹਨ ਤਾਂ ਜਦੋਂ ਸਤਿਯੁਗੀ ਪਾਵਨ ਦੁਨੀਆ ਦੀ ਸਥਾਪਨਾ ਕਰਨੀ ਹੈ ਅਤੇ ਕਲਯੁੱਗੀ ਦੁਨੀਆ ਦਾ ਵਿਨਾਸ਼ ਕਰਨਾ ਹੈ। ਜਰੂਰ ਸੰਗਮਯੁਗ ਤੇ ਹੀ ਆਉਣਗੇ, ਸੰਗਮ ਨੂੰ ਕੁੰਭ ਵੀ ਕਿਹਾ ਜਾਂਦਾ ਹੈ। ਤ੍ਰਿਵੇਨੀ ਦਾ ਸੰਗਮ ਹੈ ਉਸਦਾ ਨਾਮ ਰੱਖ ਦਿੱਤਾ ਹੈ। ਕੁੰਭ। ਕਹਿੰਦੇ ਹਨ ਤਿੰਨ ਨਦੀਆਂ ਆਪਸ ਵਿਚ ਮਿਲਦੀਆਂ ਹਨ। ਅਸਲ ਵਿਚ ਹਨ ਤੇ ਦੋ ਨਦੀਆਂ। ਤੀਸਰੀ ਨਦੀ ਨੂੰ ਗੁਪਤ ਕਹਿ ਦਿੰਦੇ ਹਨ। ਤਾਂ ਕੀ ਇਸ ਕੁੰਭ ਦੇ ਮੇਲੇ ਵਿਚ ਪਤਿਤ ਤੋਂ ਪਾਵਨ ਹੋਣਗੇ? ਪਤਿਤ- ਪਾਵਨ ਨੂੰ ਤਾਂ ਜਰੂਰ ਆਉਣਾ ਹੈ। ਗਿਆਨ ਦਾ ਸਾਗਰ ਉਹ ਹੈ। ਪਤਿਤ ਦੁਨੀਆ ਨੂੰ ਪਾਵਨ ਬਣਾਉਣਾ, ਕਲਯੁਗ ਨੂੰ ਸਤਿਯੁਗ ਬਣਾਉਣਾ- ਇਹ ਤਾਂ ਪਰਮਪਿਤਾ ਪਰਮਾਤਮਾ ਦਾ ਹੀ ਕੰਮ ਹੈ, ਨਾ ਕਿ ਮਨੁੱਖਾਂ ਦਾ। ਇਹ ਤਾਂ ਸਾਰਾ ਅੰਧ ਵਿਸ਼ਵਾਸ ਹੈ। ਹੁਣ ਅੰਨਿਆ ਨੂੰ ਲਾਠੀ ਚਾਹੀਦੀ ਹੈ। ਤੁਸੀਂ ਹੁਣ ਲਾਠੀ ਬਣੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਲਾਠੀਆਂ ਵੀ ਕਿਸਮ - ਕਿਸਮ ਦੀਆਂ ਹੁੰਦੀਆਂ ਹਨ। ਕੋਈ ਲਾਠੀ 100 ਰੁਪਏ ਦੀ ਤੇ ਕੋਈ 2 ਰੁਪਏ ਦੀ ਵੀ ਮਿਲਦੀ ਹੈ। ਇਥੇ ਵੀ ਸਾਰੇ ਨੰਬਰਵਾਰ ਹਨ। ਕੋਈ ਤਾਂ ਬਹੁਤ ਸਰਵਿਸ ਕਰਨ ਵਾਲੇ ਹਨ। ਜਦੋਂ ਬੀਮਾਰ ਹੁੰਦੇ ਤਾਂ ਸਰਜਨ ਨੂੰ ਬੁਲਾਣਾ ਪੈਂਦਾ ਹੈ। ਹੁਣ ਇਹ ਹੈ ਪਤਿਤ ਦੁਨੀਆ। ਤੁਸੀਂ ਪਾਵਨ ਬਣ ਰਹੇ ਹੋ। ਕਿਹਾ ਜਾਂਦਾ ਹੈ ਆਤਮਾ ਪਰਮਾਤਮਾ ਵੱਖ ਰਹੇ ਬਹੁਕਾਲ। ਫਿਰ ਜਦੋਂ ਪਰਮਪਿਤਾ ਅਨੇਕ ਆਤਮਾਵਾਂ ਦੇ ਵਿਚ ਆਉਂਦੇ ਹਨ ਤਾਂ ਉਸਨੂੰ ਕਿਹਾ ਜਾਂਦਾ ਹੈ ਸੰਗਮ ਦਾ ਕੁੰਭ।

ਮਨੁੱਖ ਕੁੰਭ ਦੇ ਮੇਲੇ ਤੇ ਬਹੁਤ ਦਾਨ ਕਰਦੇ ਹਨ। ਉਹ ਕਮਾਈ ਹੁੰਦੀ ਹੈ ਸੰਧੂ - ਸੰਤਾ ਨੂੰ ਤੇ ਗੋਰਮਿੰਟ ਨੂੰ। ਇਥੇ ਤੁਸੀਂ ਤਨ -ਮਨ - ਧਨ ਸਹਿਤ ਸਭ ਕੁਝ ਦਾਨ ਕਰਨਾ ਹੁੰਦਾ ਹੈ ਪਤਿਤ - ਪਾਵਨ ਬਾਪ ਨੂੰ। ਉਹ ਫਿਰ ਭਵਿੱਖ ਵਿਚ ਤੁਹਾਨੂੰ ਸਵਰਗ ਦਾ ਮਾਲਿਕ ਬਨਾਉਂਦੇ ਹਨ। ਉਹ ਨਾਮ ਲੈਂਦੇ ਹਨ ਤ੍ਰਿਵੇਨੀ ਦਾ ਅਤੇ ਦਾਨ ਦਿੰਦੇ ਹਨ ਸਾਧੂ -ਸੰਤਾਂ ਨੂੰ। ਅਸਲ ਵਿਚ ਸੰਗਮ ਉਸਨੂੰ ਕਹਾਂਗੇ ਜਿਥੇ ਸਾਰੀਆਂ ਨਦੀਆਂ ਆਕੇ ਸਾਗਰ ਵਿਚ ਮਿਲਨ। ਉੱਥੇ ਸਾਗਰ ਤੇ ਹੈ ਨਹੀਂ। ਇਹ ਤੇ ਨਦੀਆਂ ਆਪਸ ਵਿੱਚ ਮਿਲਦੀਆਂ ਹਨ। ਨਦੀਆਂ ਅਤੇ ਸਾਗਰ ਦੇ ਮਿਲਨ ਨੂੰ ਹੀ ਸੱਚਾ-ਸੱਚਾ ਮੇਲਾ ਕਿਹਾ ਜਾਂਦਾ ਹੈ। ਪਰ ਇਹ ਵੀ ਡਰਾਮਾ ਵਿਚ ਨੂੰਧ ਹੈ, ਇਸ ਵਿਚ ਗੌਰਮਿੰਟ ਨੂੰ ਵੀ ਰੇਲ, ਮੋਟਰ - ਗੱਡੀ, ਜਮੀਨ ਆਦਿ ਤੋਂ ਬਹੁਤ ਕਮਾਈ ਹੁੰਦੀ ਹੈ। ਤਾਂ ਇਹ ਕਮਾਈ ਦਾ ਮੇਲਾ ਲਗਦਾ ਹੈ। ਇਹਨਾਂ ਗੱਲਾਂ ਨਾਲ ਤੁਸੀਂ ਬੱਚੇ ਜੱਜ ਕਰ ਸਕਦੇ ਹੋ। ਕਿਉਂਕਿ ਤੁਸੀਂ ਹੋ ਈਸ਼ਵਰ ਦੀ ਮਤ ਤੇ। ਤਾਂ ਕੁੰਭ ਦੇ ਮੇਲੇ ਦਾ ਅਰਥ ਨਿਕਾਲਨਾ ਚਾਹੀਦਾ ਹੈ। ਬਾਬਾ ਇਸ ਤਰ੍ਹਾਂ ਦੇ ਨਿਬੰਧ ਦਿੰਦੇ ਹਨ। ਜਿਹੜੇ ਸੈਂਸੀਬਲ ਬੱਚੇ ਹਨ, ਉਨ੍ਹਾਂ ਨੂੰ ਉਠਾਣਾ ਚਾਹੀਦਾ ਹੈ। ਨੰਬਰਵਨ ਸਭ ਤੋਂ ਸੈਂਸੀਬਲ ਹੈ ਮੰਮਾ ਫਿਰ ਦੂਜਾ ਹੈ ਸੰਜੇ। ਜਿਸਨੂੰ ਫਿਰ ਵੰਡਣ ਲਈ ਪਰਚੇ ਬਣਾਉਣੇ ਪਏ ਹਨ। ਇਹ ਤ੍ਰਿਵੇਨੀ ਪਤਿਤ - ਪਾਵਨੀ ਨਹੀਂ ਹੈ। ਪਤਿਤ - ਪਾਵਨ ਤਾਂ ਸਭ ਦਾ ਸਦਗਤੀ ਦਾਤਾ ਇਕ ਹੈ ਸ਼ਿਵਬਾਬਾ। ਤ੍ਰਿਵੇਨੀ ਨੂੰ ਤਾਂ ਸਦਗਤੀ ਦਾਤਾ ਨਹੀਂ ਕਹਾਂਗੇ। ਇਹ ਨਦੀਆਂ ਤੇ ਹਨ ਹੀ। ਆਉਣ ਦੀ ਗੱਲ ਨਹੀਂ। ਗਾਉਂਦੇ ਹਨ ਪਤਿਤ - ਪਾਵਨ ਆਓ, ਆਕੇ ਪਾਵਨ ਬਣਾਓ। ਤਾਂ ਇਹ ਪਰਚੇ ਕੱਢਣੇ ਚਾਹੀਦੇ ਹਨ- ਭੈਣੋ, ਭਰਾਵੋ ਕਿ ਪਤਿਤ ਪਾਵਨ ਗਿਆਨ ਦਾ ਸਾਗਰ ਪਰਮਪਿਤਾ ਪਰਮਾਤਮਾ ਹੈ ਜਾਂ ਨਦੀਆਂ? ਇਹ ਤਾਂ ਸਦਾ ਹੈ। ਪਰਮਾਤਮਾ ਨੂੰ ਪੁਕਾਰਿਆ ਜਾਂਦਾ ਹੈ ਆਉਣ ਦੇ ਲਈ। ਅਸਲ ਵਿਚ ਪਤਿਤ ਪਾਵਨ ਤਾਂ ਇਕ ਪਰਮਾਤਮਾ ਹੈ। ਆਤਮਾਵਾਂ ਤੇ ਪਰਮਾਤਮਾ ਅਲਗ ਰਹੇ ਬਹੁਕਾਲ...। ਉਹ ਹੀ ਸਦਗੁਰੂ ਆਕੇ ਸਭ ਨੂੰ ਸਦਗਤੀ ਦੇ ਕੇ ਵਾਪਿਸ ਲੈ ਜਾਂਦੇ ਹਨ। ਗਿਆਨ ਸਨਾਨ ਤਾਂ ਅਸਲ ਵਿਚ ਪਰਮਪਿਤਾ ਪਰਮਾਤਮਾ ਤੋਂ

ਕਰਨਾ ਚਾਹੀਦਾ ਹੈ। ਪਾਵਨ ਦੁਨੀਆ ਦੀ ਸਥਾਪਨਾ ਪਰਮਪਿਤਾ ਪਰਮਾਤਮਾ ਕਰਵਾਉਂਦੇ ਹਨ। ਤੁਸੀਂ ਉਸਨੂੰ ਜਾਣਦੇ ਨਹੀਂ ਹੋ। ਭਾਰਤ ਜਦੋਂ ਸ੍ਰੇਸ਼ਟਾਚਾਰੀ ਸੀ ਓਦੋ ਉਸ ਵਿਚ ਦੇਹੀ - ਅਭਿਮਾਨੀ ਦੇਵਤਾ ਰਹਿੰਦੇ ਸੀ। ਉਸਨੂੰ ਸ਼ਿਵਾਲਜ ਕਿਹਾ ਜਾਂਦਾ ਹੈ। ਹੁਣ ਕੁੰਭ ਤੇ ਜਾ ਕੇ ਬੱਚਿਆਂ ਨੂੰ ਪ੍ਰਦਰਸ਼ਨੀ ਲਗਾਨੀ ਚਾਹੀਦੀ ਹੈ ਸਮਝਾਉਣ ਦੇ ਲਈ। ਸਮਝਾਉਣਾ ਹੈ ਪਤਿਤ - ਪਾਵਨ ਇਕ ਬਾਪ ਹੈ, ਉਹ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਜਦੋ ਪਤਿਤਾਂ ਨੂੰ ਪਾਵਨ ਬਣਾਉਣਾ ਹੁੰਦਾ ਹੈ। ਤਾਂ ਪ੍ਰਤਿਗਿਆ ਕਰਨੀ ਪਵੇ। ਰਕਸ਼ਾ ਬੰਧਨ ਭਗਵਾਨ ਨਾਲ ਸੰਬੰਧ ਰੱਖਦਾ ਹੈ, ਨਾ ਕਿ ਸਾਧੂ ਸੰਤਾਂ ਨਾਲ। ਪ੍ਰਤਿਗਿਆ ਪਰਮਪਿਤਾ ਪਰਮਾਤਮਾ ਨਾਲ ਕਰਨੀ ਚਾਹੀਦੀ ਹੈ, ਨਾ ਕਿ ਤ੍ਰਿਵੇਨੀ ਨਾਲ। ਹੇ ਬਾਬਾ ਅਸੀਂ ਤੁਹਾਡੀ ਸ਼੍ਰੀਮਤ ਨਾਲ ਪਾਵਨ ਬਣਨ ਦੇ ਲਈ ਪ੍ਰਣ ਕਰਦੇ ਹਾਂ। ਬਾਪ ਵੀ ਕਹਿੰਦੇ ਹਨ ਕਿ ਮੈਂ ਤੁਹਾਨੂੰ ਪਾਵਨ ਦੁਨੀਆ ਦਾ ਮਾਲਿਕ ਬਣਾਵਾਂਗਾ। ਇਹ ਹਨ ਬਾਬਾ ਦੇ ਇਸ਼ਾਰੇ। ਇਸ ਵਿਚ ਸਰਵਿਸ ਕਰਨ ਵਾਲੇ ਬੜੇ ਤਿੱਖੇ ਚਾਹੀਦੇ ਹਨ। ਚਿੱਤਰ ਵੀ ਬਣਾਉਣੇ ਪੈਣੇ। ਇਸ ਦੇ ਲਈ ਅੱਛਾ ਮੰਡਪ ਲੈਣਾ ਪਵੇ। ਤੁਹਾਡੇ ਦੁਸ਼ਮਣ ਵੀ ਬਹੁਤ ਨਿਕਲਣਗੇ, ਕਈ ਵਾਰ ਤਾਂ ਅੱਗ ਵੀ ਲਗਾਉਣ ਵਿਚ ਦੇਰੀ ਨਹੀਂ ਕਰਨਗੇ। ਕਿਸੇ ਨੇ ਝਗੜਾ ਕਰਨਾ ਹੋਵੇ ਤਾਂ ਗਾਲੀ ਦੇਣ ਲਗ ਜਾਂਦੇ ਹਨ। ਤੁਹਾਨੂੰ ਤਾਂ ਨਿਰਹੰਕਾਰੀ ਬਣ ਸਾਈਲੈਂਸ (ਚੁੱਪ) ਵਿਚ ਰਹਿਣਾ ਪਵੇ। ਬ੍ਰਹਮਾਕੁਮਾਰੀਆਂ ਮਸ਼ਹੂਰ ਤਾਂ ਹੋ ਗਈਆਂ ਹਨ। ਪਰਚੇ ਆਦਿ ਜਰੂਰ ਵੰਡਨੇ ਹਨ। ਕੁੰਭ ਦੇ ਮੇਲੇ ਦਾ ਖਾਸ ਮਹੱਤਵ ਰੱਖਦੇ ਹਨ। ਅਸਲ ਵਿਚ ਮਹੱਤਵ ਹੁਣ ਦਾ ਹੀ ਹੈ। ਇਹ ਹੀ ਡਰਾਮਾ ਦਾ ਖੇਲ ਹੈ। ਓਥੈ ਤੋਂ ਵੀ ਕਿਸੇ ਦਾ ਕਲਿਆਣ ਹੋ ਸਕਦਾ ਹੈ। ਪਰੰਤੂ ਮੇਹਨਤ ਲਗਦੀ ਹੈ। ਕੰਢਿਆਂ ਨੂੰ ਫੁੱਲ ਬਣਾਉਣ ਲਈ ਮੇਹਨਤ ਲਗਦੀ ਹੈ। ਕੁੰਭ ਦੇ ਮੇਲੇ ਵਿਚ ਪ੍ਰਦਰਸ਼ਨੀ ਕਰਨ ਵਿਚ ਵੀ ਹਿੰਮਤ ਚਾਹੀਦੀ ਹੈ। ਜਾਨ-ਪਹਿਚਾਣ ਚਾਹੀਦੀ ਹੈ ਜੋ ਕੋਈ ਵਿਘਨ ਨਾ ਪਵੇ। ਤੁਹਾਨੂੰ ਇਹ ਸਿੱਧ ਕਰਨਾ ਹੈ ਕਿ ਪਤਿਤ ਪਾਵਨ ਕੌਣ ਹੈ? ਮਨੁੱਖ ਪਾਵਨ ਦੁਨੀਆ ਸਵਰਗ ਨੂੰ ਵੀ ਯਾਦ ਕਰਦੇ ਹਨ। ਕੋਈ ਮਰਦਾ ਹੈ ਤੇ ਕਹਿਣਗੇ ਫਲਾਣਾ ਸਵਰਗਵਾਸੀ ਹੋਇਆ। ਓਥੇ ਤਾ ਬਹੁਤ ਮਾਲ ਠਾਲ ਹੁੰਦਾ ਹੈ, ਓਥੋਂ ਫਿਰ ਇਥੇ ਬੁਲਾ ਕੇ ਕਿਉ ਖਿਲਾਉਂਦੇ ਹੋ? ਤੁਸੀਂ ਸ਼੍ਰੀਨਾਥ ਦੇ ਮੰਦਿਰ ਵਿਚ ਦੇਖੋ - ਕਿੰਨਾ ਮਾਲ ਬਣਦਾ ਹੈ। ਹੁਣ ਸ਼੍ਰੀਨਾਥ ਪੁਰੀ ਅਤੇ ਜਗਨਨਾਥ ਪੁਰੀ ਅਸਲ ਵਿਚ ਇਕ ਹੀ ਗੱਲ ਹੈ। ਪਰ ਸ਼੍ਰੀਨਾਥ ਦਵਾਰੇ ਵਿਚ ਦੇਖੋਗੇ ਤਾ ਬਹੁਤ ਵੈਭਵ ਬਣਦੇ ਹਨ ਅਤੇ ਜਗਨਨਾਥ ਪੁਰੀ ਵਿਚ ਸਿਰਫ ਫਿੱਕੇ ਚਾਵਲਾ ਦਾ ਭੋਗ ਲਗਦਾ ਹੈ। ਘਿਉ ਆਦਿ ਕੁਝ ਨਹੀਂ ਪੈਂਦਾ। ਇਹ ਫਰਕ ਦਸਦੇ ਹਨ ਕਿ ਇਹ ਗੋਰਾ ਹੈ ਤਾਂ ਇਸ ਤਰ੍ਹਾਂ ਮਾਲ ਮਿਲਦਾ ਹੈ ਅਤੇ ਸਾਂਵਰਾ ਹੈ ਤਾਂ ਇਹ ਸੁੱਕੇ ਚਾਵਲ। ਭੇਦ ਬੜਾ ਵਧੀਆ ਹੈ। ਇਹ ਬਾਪ ਬੈਠ ਸਮਝਾਉਂਦੇ ਹਨ। ਸ਼੍ਰੀਨਾਥ ਦਵਾਰੇ ਇਤਨਾ ਭੋਗ ਲਗਾਉਂਦੇ ਹਨ ਤਾਂ ਫਿਰ ਪੁਜਾਰੀ ਲੋਕ ਦੁਕਾਨ ਵਿਚ ਵੇਚਦੇ ਵੀ ਹਨ। ਉਨ੍ਹਾਂ ਦੀ ਕਮਾਈ ਦਾ ਆਧਾਰ ਵੀ ਉਸ ਤੇ ਹੈ। ਮਿਲਦਾ ਮੁਫ਼ਤ ਵਿਚ ਹੈ ਫਿਰ ਕਮਾਉਂਦੇ ਹਨ। ਤਾਂ ਦੇਖੋ ਕਿੰਨੀਆਂ ਅੰਧਸ਼ਰਧਾ ਦੀਆਂ ਗੱਲਾਂ ਹਨ। ਇਹ ਹੈ ਭਗਤੀ ਮਾਰਗ। ਗਿਆਨ ਮਾਰਗ ਸਦਗਤੀ ਮਾਰਗ ਹੈ, ਗੰਗਾ ਸਨਾਨ ਨਾਲ ਸਦਗਤੀ ਥੋੜੀ ਹੁੰਦੀ ਹੈ। ਬੜਾ ਯੁਕਤੀ ਨਾਲ ਸਮਝਾਉਣਾ ਹੈ। ਜਿਵੇਂ ਚੂਹਾ ਫੂੰਕ ਦੇ ਕੇ ਕੱਟਦਾ ਹੈ ਨਾ। ਬੜੀ ਹੀ ਸਿਆਣਪ ਚਾਹੀਦੀ ਹੈ ਸਮਝਣ ਅਤੇ ਸਮਝਾਉਣ ਦੀ। ਕਿੰਨੀਆਂ ਨਾਜ਼ੁਕ ਗੱਲਾਂ ਹਨ। ਮਨੁੱਖ ਕਹਿੰਦੇ ਹਨ ਕਿ ਪਰਮਪਿਤਾ ਪਰਮਾਤਮਾ। ਤੁਹਾਡੀ ਗਤ ਮਤ ਤੁਸੀਂ ਹੀ ਜਾਣੋ। ਇਸ ਦਾ ਅਰਥ ਤਾਂ ਸਮਝਦੇ ਨਹੀਂ ਹਨ। ਤੁਹਾਡੀ ਸ਼੍ਰੀਮਤ ਨਾਲ ਜੋ ਸਦਗਤੀ ਮਿਲਦੀ ਹੈ ਉਹ ਤੁਸੀਂ ਹੀ ਕਰ ਸਕਦੇ ਹੋ, ਹੋਰ ਕੋਈ ਕਰ ਨਹੀਂ ਸਕਦਾ। ਸਭ ਦਾ ਸਦਗਤੀ ਦਾਤਾ ਇਕ ਹੈ। ਸਰਵ ਅੱਖਰ ਜਰੂਰ ਪਾਉਣਾ ਹੈ। ਸਮਝਾਇਆ ਬਹੁਤ ਜਾਂਦਾ ਹੈ ਪਰ ਸਮਝਣ ਵਾਲੇ ਬੜੇ ਥੋੜੇ ਨਿਕਲਦੇ ਹਨ। ਪ੍ਰਜਾ ਤਾਂ ਬਹੁਤ ਬਣਦੀ ਰਹਿੰਦੀ ਹੈ।

ਮਨੁੱਖ ਖੁਦਾ ਦੇ ਨਾਮ ਤੇ ਬੜੇ ਦਾਨ ਪੁੰਨ ਕਰਦੇ ਹਨ ਤਾਂ ਇਕ ਜਨਮ ਦੇ ਲਈ ਫਲ ਮਿਲ ਜਾਂਦਾ ਹੈ। ਇਥੇ ਤਾਂ 21 ਜਨਮ ਲਈ ਮਿਲਦਾ ਹੈ। ਈਸ਼ਵਰ ਅਰਥ ਦਾਨ ਕਰਨ ਨਾਲ ਤਾਕਤ ਮਿਲਦੀ ਹੈ। ਇਹ ਈਸ਼ਵਰ ਨੂੰ ਜਾਣਦੇ ਹੀ ਨਹੀਂ ਤਾਂ ਤਾਕਤ ਵੀ ਨਹੀਂ ਰਹੀ ਹੈ। ਹਿੰਦੂਆਂ ਦੇ ਗੁਰੂ ਗੋਸਾਈ ਤਾਂ ਢੇਰ ਹਨ। ਕ੍ਰਿਸ਼ਚਨਾ ਦੇ ਵੇਖੋਗੇ ਤਾਂ ਇਕ ਹੈ। ਇਕ ਦਾ ਕਿੰਨਾ ਰਿਗਾਰਡ ਹੈ। ਰਿਲੀਜਨ ਇਜ ਮਾਈਟ ਕਿਹਾ ਜਾਂਦਾ ਹੈ। ਹੁਣ ਤੁਸੀਂ ਰਿਲੀਜਨ ਨੂੰ ਸਮਝਿਆ ਹੈ ਤਾਂ ਕਿੰਨੀ ਤਾਕਤ ਮਿਲਦੀ ਹੈ। ਬਾਬਾ ਕਹਿੰਦੇ ਹਨ ਕਿ ਸਭ ਨੂੰ ਇਹ ਹੀ ਵਸ਼ੀਕਰਨ ਮੰਤਰ ਦੇਵੋ। ਬੱਚਿਆਂ ਨੂੰ ਬਾਬਾ ਕਹਿੰਦੇ ਹਨ - ਤੁਸੀਂ ਜਿਥੋਂ ਆਏ ਹੋ ਉਸਨੂੰ ਯਾਦ ਕਰੋ ਤਾਂ ਅੰਤ ਮਤੀ ਸੋ ਗਤੀ ਹੋ ਜਾਵੇਗੀ। ਬਾਪ ਨੂੰ ਯਾਦ ਕਰਨ ਨਾਲ ਹੀ ਪਾਵਨ ਬਣ ਸਕਦੇ ਹੋ। ਪਾਪ ਭਸਮ ਹੋਣਗੇ। ਬਾਪ ਤੇ ਵਰਸੇ ਨੂੰ ਯਾਦ ਕਰਨਾ ਹੈ, ਜਿਸ ਨਾਲ ਸਾਰਾ ਚੱਕਰ ਬੁੱਧੀ ਵਿਚ ਆ ਜਾਂਦਾ ਹੈ। ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਦੇਹ ਦੇ ਸਾਰੇ ਸੰਬੰਧਾਂ ਵਿੱਚੋ ਬੁੱਧੀ ਕਢ ਕੇ ਬਾਪ ਦੇ ਨਾਲ ਜੋੜਨ ਦਾ ਪੁਰਸ਼ਾਰਥ ਕਰਨਾ ਹੈ। ਜੋ ਫਿਰ ਅੰਤ ਵੇਲੇ ਵੀ ਓਹੀ ਯਾਦ ਆਵੇ। ਹੋਰ ਕੋਈ ਦੀ ਯਾਦ ਆਈ ਤਾਂ ਸਜਾ ਭੁਗਤਨੀ ਪਵੇਗੀ ਅਤੇ ਪਦਵੀ ਵੀ ਘੱਟ ਹੋ ਜਾਵੇਗੀ। ਤਾਂ ਅਸਲ ਵਿਚ ਕੁੰਭ ਕਲਪ ਦੇ ਸੰਗਮ ਨੂੰ ਕਿਹਾ ਜਾਂਦਾ ਹੈ, ਜਦੋ ਆਤਮਾਵਾਂ ਤੇ ਪਰਮਾਤਮਾ ਮਿਲਦੇ ਹਨ। ਪਰਮਾਤਮਾ ਆਕੇ ਰਾਜਯੋਗ ਸਿਖਾਉਂਦੇ ਹਨ। ਉਹ ਹਨ ਪੁਨਰਜਨਮ ਰਹਿਤ। ਪਰ ਬੱਚੇ ਵੀ ਸਮਝਦੇ ਨਹੀਂ ਹਨ। ਸ਼੍ਰੀਮਤ ਤੇ ਚਲਦੇ ਨਹੀਂ ਤਾਂ ਬੇੜਾ ਕਿਵੇਂ ਪਾਰ ਹੋਵੇਗਾ? ਬੇੜਾ ਪਾਰ ਹੋਣਾ ਮਤਲਬ ਰਾਜਾਈ ਪਦਵੀ ਪਾਉਣਾ। ਸ਼੍ਰੀਮਤ ਨਾਲ ਹੀ ਰਾਜਾਈ ਮਿਲਦੀ ਹੈ। ਸ਼੍ਰੀਮਤ ਤੇ ਨਹੀਂ ਚਲਦੇ ਤਾਂ ਆਖਿਰ ਖਤਮ ਹੋ ਜਾਂਦੇ ਹਨ। ਸਜਨੀਆਂ ਨਾਲ ਉਹ ਜਾਣਗੀਆਂ ਜਿਨ੍ਹਾਂ ਦਾ ਦੀਪਕ ਜਗਿਆ ਹੋਇਆ ਹੋਵੇਗਾ। ਜਿਨ੍ਹਾਂ ਦੇ ਦੀਵੇ ਬੁੱਝੇ ਹੋਏ ਹਨ। ਉਹ ਨਾਲ ਥੋੜੀ ਜਾਣਗੇ। ਲਾਇਕ ਬੱਚੇ ਹੀ ਨਾਲ ਜਾਣਗੇ। ਬਾਕੀ ਤਾਂ ਨੰਬਰਵਾਰ ਪਿਛਾੜੀ ਵਿਚ ਆਉਣਗੇ। ਪਰ ਪਵਿੱਤਰ ਤਾ ਸਭ ਬਣਨਗੇ। ਸਾਰੀਆਂ ਆਤਮਾਵਾਂ ਇਕੋ ਜਿਹੀ ਤਾਕਤ ਵਾਲੀਆਂ ਨਹੀਂ ਹੋ ਸਕਦੀਆਂ। ਹਰੇਕ ਆਤਮਾ ਦਾ ਪਾਰਟ ਆਪਣਾ ਆਪਣਾ - ਆਪਣਾ ਹੈ। ਇਕੋ ਜਿਹੀ ਪਦਵੀ ਨਹੀਂ ਮਿਲ ਸਕਦੀ। ਅੰਤ ਵਿਚ ਸਭ ਦਾ ਪਾਰਟ ਕਲੀਅਰ ਹੋ ਜਾਵੇਗਾ। ਝਾੜ ਕਿੰਨਾ ਵੱਡਾ ਹੈ ਕਿੰਨੇ ਮਨੁੱਖ ਹਨ। ਮੁਖ ਤਾ ਜਿਹੜੇ ਵੱਡੇ - ਵੱਡੇ ਟਾਲ ਟਾਲੀਆਂ ਹਨ ਉਹ ਹੀ ਦੇਖਣ ਵਿਚ ਆਉਣਗੇ। ਮੁੱਖ ਹੈ ਫਾਉਂਡੇਸ਼ਨ। ਬਾਕੀ ਤਾਂ ਬਾਦ ਵਿਚ ਆਉਂਦੇ ਹਨ, ਉਨ੍ਹਾਂ ਵਿਚ ਤਾਕਤ ਘੱਟ ਹੁੰਦੀ ਹੈ। ਸਵਰਗ ਵਿਚ ਤਾਂ ਸਾਰੇ ਨਹੀਂ ਆ ਸਕਦੇ।

ਭਾਰਤ ਹੀ ਹੈਵਿਨ ਸੀ। ਇਸ ਤਰ੍ਹਾਂ ਨਹੀਂ ਕਿ ਭਾਰਤ ਦੀ ਜਗ੍ਹਾ ਜਾਪਾਨ ਖੰਡ ਹੈਵਿਨ ਹੋ ਜਾਵੇਗਾ। ਇਵੇ ਹੋ ਹੀ ਨਹੀਂ ਸਕਦਾ। ਅੱਛਾ।

ਮਿੱਠੇ ਮਿੱਠੇ ਬਾਪਦਾਦਾ ਅਤੇ ਮਾਤ-ਪਿਤਾ ਦੇ ਲਾਡਲੇ ਸਿਕੀਲੱਧੇ ਗਿਆਨ ਸਿਤਾਰੇ ਬੱਚਿਆਂ ਨੂੰ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ:- 24-4-68

ਬੱਚਿਆਂ ਨੂੰ ਸਮਝਾਇਆ ਗਿਆ ਹੈ ਕਿ ਧਰਮ ਸਥਾਪਕ ਕੋਈ ਕਿਸੇ ਦਾ ਕਲਿਆਣ ਨਹੀਂ ਕਰ ਸਕਦੇ ਹਨ। ਉਹ ਆਉਂਦੇ ਹਨ ਸਾਰਿਆਂ ਨੂੰ ਲੈ ਜਾਂਦੇ ਹਨ। ਜੋ ਲਿਬਰੇਟ ਕਰ ਗਾਈਡ ਬਣਦੇ ਹਨ ਉਨ੍ਹਾਂ ਦਾ ਹੀ ਗਾਇਨ ਹੈ। ਉਹ ਭਾਰਤ ਵਿਚ ਹੀ ਆਉਂਦੇ ਹਨ। ਤਾਂ ਭਾਰਤ ਸਭ ਤੋਂ ਉਚਾ ਦੇਸ਼ ਹੋਇਆ। ਭਾਰਤ ਦੀ ਬੜੀ ਮਹਿਮਾ ਕਰਨੀ ਹੈ। ਬਾਪ ਹੀ ਆਕੇ ਸਭ ਦੀ ਸਦਗਤੀ ਕਰਦੇ ਹਨ। ਤਾਂ ਹੀ ਸ਼ਾਂਤੀ ਹੁੰਦੀ ਹੈ। ਵਿਸ਼ਵ ਵਿਚ ਸ੍ਰਿਸ਼ਟੀ ਦੇ ਸ਼ੁਰੂ ਵਿਚ ਸ਼ਾਂਤੀ ਸੀ, ਸਵਰਗ ਵਿਚ ਇਕ ਧਰਮ ਸੀ। ਹੁਣ ਅਨੇਕ ਧਰਮ ਹਨ। ਬਾਪ ਆਕੇ ਸ਼ਾਂਤੀ ਸਥਾਪਨ ਕਰਦੇ ਹਨ। ਕਲਪ ਪਹਿਲੇ ਦੀ ਤਰ੍ਹਾਂ। ਤੁਸੀਂ ਬੱਚਿਆਂ ਨੂੰ ਗਿਆਨ ਮਿਲਿਆ ਹੈ ਤਾਂ ਵਿਚਾਰ ਸਾਗਰ ਮੰਥਨ ਚਲਦਾ ਹੈ ਨਾ। ਹੋਰ ਤਾਂ ਕਿਸੇ ਦਾ ਚਲਦਾ ਨਹੀਂ ਹੈ। ਇਹ ਵੀ ਤੁਸੀਂ ਸਮਝਦੇ ਹੋ। ਦੇਹ ਅਭਿਮਾਨ ਦੇ ਕਾਰਣ ਦੇਹ ਨੂੰ ਹੀ ਪੂਜਦੇ ਹਨ। ਆਤਮਾ ਪੁਨਰਜਨਮ ਜਰੂਰ ਇਥੇ ਲਵੇਗੀ ਨਾ। ਹੁਣ ਤੁਸੀਂ ਸਮਝਦੇ ਹੋ ਪਾਵਨ ਤਾਂ ਇਕ ਹੀ ਹੈ। ਬਾਪ ਹੀ ਗੁਪਤ ਗਿਆਨ ਦਿੰਦੇ ਹਨ। ਜਿਸ ਨਾਲ ਸਭ ਦੀ ਸਦਗਤੀ ਹੋ ਜਾਂਦੀ ਹੈ। ਬਾਕੀ ਹਨੁਮਾਨ ਜਾ ਗਨੇਸ਼ ਵਰਗੇ ਕੋਈ ਹੁੰਦੇ ਹੀ ਨਹੀਂ ਹਨ। ਇਨ੍ਹਾਂ ਸਾਰਿਆਂ ਨੂੰ ਕਿਹਾ ਜਾਂਦਾ ਹੈ ਪੁਜਾਰੀ। ਅੱਛਾ।

ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਦਾਦਾ ਦਾ ਯਾਦ ਪਿਆਰ, ਗੁੱਡ ਨਾਈਟ। ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਦੀ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ:-

1 ਸਜਾਵਾਂ ਤੋਂ ਬਚਨ ਲਈ ਦੇਹ ਦੇ ਸਰਵ ਸੰਬੰਧਾਂ ਤੋਂ ਬੁੱਧੀਯੋਗ ਨਿਕਾਲ ਇਕ ਬਾਪ ਨਾਲ ਬੁੱਧੀ ਯੋਗ ਜੋੜਨਾ ਹੈ। ਅੰਤ ਵੇਲੇ ਇਕ ਬਾਪ ਤੋਂ ਇਲਾਵਾ ਕੋਈ ਯਾਦ ਨਾ ਆਵੇ।

2 ਨਿਰਹੰਕਾਰੀ ਬਣ ਸਾਈਲੈਂਸ ਵਿਚ ਰਹਿ ਕੇ ਕੰਢਿਆਂ ਨੂੰ ਫੁੱਲ ਬਣਾਉਨ ਦੀ ਮੇਹਨਤ ਕਰਨੀ ਹੈ। ਸ਼੍ਰੀਮਤ ਤੇ ਅਨਿਆਂ ਦੀ ਲਾਠੀ ਬਣਨਾ ਹੈ। ਪਾਵਨ ਬਣ ਪਾਵਨ ਬਣਾਉਣਾ ਹੈ।

ਵਰਦਾਨ:- ਸਮਰੱਥ ਸੰਕਲਪਾਂ ਦਵਾਰਾ ਜਮਾ ਦਾ ਖਾਤਾ ਵਧਾਉਣ ਵਾਲੇ ਹੋਲੀਹੰਸ ਭਵ

ਜਿਵੇਂ ਹੰਸ ਕੰਕੜ ਅਤੇ ਰਤਨ ਨੂੰ ਵੱਖ ਕਰਦੇ ਹਨ, ਇਵੇਂ ਤੁਸੀਂ ਹੋਲੀਹੰਸ ਮਤਲਬ ਸਮਰੱਥ ਅਤੇ ਵਿਆਰਥ ਨੂੰ ਪਰਖਣ ਵਾਲੇ। ਜਿਵੇਂ ਹੰਸ ਕਦੇ ਕੰਕੜ ਨੂੰ ਚੁਗ ਨਹੀਂ ਸਕਦੇ, ਵੱਖ ਕਰਕੇ ਰੱਖ ਦਿੰਦੇ, ਛੱਡ ਦਿੰਦੇ, ਗ੍ਰਹਿਣ ਨਹੀਂ ਕਰਦੇ। ਇਵੇਂ ਤੁਸੀਂ ਹੋਲੀਹੰਸ ਵਿਆਰਥ ਨੂੰ ਛੱਡ ਸਮਰਥ ਸੰਕਲਪਾਂ ਨੂੰ ਧਾਰਨ ਕਰਦੇ ਹੋ। ਵਿਅਰਥ ਤੇ ਬਹੁਤ ਸਮੇਂ ਸੁਣਿਆ, ਬੋਲਿਆ ਕੀਤਾ ਲੇਕਿਨ ਉਸਦੇ ਵਪਰਿਤ ਨਤੀਜੇ ਵਿੱਚ ਸਭ ਕੁਝ ਗਵਾਇਆ। ਹੁਣ ਗਵਾਉਣ ਵਾਲੇ ਨਹੀਂ, ਜਮਾ ਦਾ ਖਾਤਾ ਵਧਾਉਣ ਵਾਲੇ ਹੋ।

ਸਲੋਗਨ:- ਖੁਦ ਨੂੰ ਈਸ਼ਵਰੀਏ ਮਰਿਯਾਦਾਵਾਂ ਦੇ ਕੰਗਣ ਵਿੱਚ ਬੰਨ੍ਹ ਲਵੋ ਤਾਂ ਸਰਵ ਬੰਧਨ ਖਤਮ ਹੋ ਜਾਣਗੇ

******